ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ

ਖਾਲਸਾ ਪੰਥ ਵਿਚ ਦਸਹੇਰਾ ਦਾ ਮਹਾਤਮ

ਅਕਾਲ ਪੁਰਖ ਪਰੀਪੂਰਨ ਪਰਮਾਤਮਾ ਨੇ ਸਾਰੇ ਸੰਸਾਰ ਦੀ ਰਚਨਾਂ ਕੀਤੀ, ਜਿਸ ਨੂੰ ਅੱਗੇ ਸੰਸਾਰੀ ਲੋਕਾਂ ਨੇ ਨੌ ਹਿੱਸਿਆਂ ਵਿਚ ਵੰਡਿਆ ਹੈ । ਜਿਸ ਵਿੱਚ ਇਕ ਹਿੱਸਾ ਭਰਤ ਰਾਜੇ ਦਾ ਅਸਥਾਪਨ ਕੀਤਾ ਹੋਇਆ ਭਾਰਤ ਖੰਡ ਹੈ । ਜਿਸ ਨੂ ਭਾਰਤ ਵਰਸ਼ ਦੇ ਨਾਲ ਜਾਨਿਆ ਜਾਂਦਾ ਹੈ । ਇਹ ਭਾਰਤ ਦੇਸ਼ ਰਿਸ਼ੀਆਂ ਮੁਨੀਆ ਮਹਾਤਮਾਂ ਅਵਤਾਰਾਂ ਦੀ ਜਨਮ ਅਤੇ ਕਰਮ ਭੂਮੀ ਹੈ । ਇਸ ਨੂੰ ਦੇਵ ਭੂਮੀ ਕਰਕੇ ਵੀ ਜਾਨਿਆ ਜਾਂਦਾ ਹੈ । ਇਸ ਧਰਤੀ ਉਪਰ ਅਵਤਾਰਾਂ, ਪੈਗੰਬਰਾਂ ਅਤੇ ਰਿਸ਼ੀਆਂ ਮੁਨੀਆਂ ਨੇ ਸੰਸਾਰ ਦੇ ਭਲਾਈ ਲਈ ਕੀਤੇ ਕਾਰਜਾਂ ਦੀ ਯਾਦ ਵਿਚ ਸੰਸਾਰੀ ਲੋਕਾਂ ਵਲੋਂ ਅਨੇਕਾਂ ਤਿਓਹਾਰ ਆਪਣੇ-ਆਪਣੇ ਢੰਗ ਨਾਲ ਮਨਾਏ ਜਾਂਦੇ ਹਨ । ਜਿੱਥੇ ਲੋਹੜੀ, ਹੋਲੀ, ਵੈਸਾਖੀ, ਦਿਵਾਲੀ, ਇਦ ਅਤੇ ਹੋਰ ਕਿੰਨੇ ਹੀ ਤਿਓਹਾਰ ਮਨਾਏ ਜਾਂਦੇ ਹਨ । ਉਥੇ ਦਸੈਹਰੇ ਦੇ ਪੁਰਬ ਦੀ ਵੀ ਇਕ ਖਾਸ ਮਹੱਤਤਾ ਹੈ । ਰਾਮ ਚੰਦਰ ਜੀ ਨੇ ਸੰਤ ਅਤੇ ਦੇਵ ਦੋਖੀ ਹੰਕਾਰੀ ਰਾਵਨ ਅਤੇ ਰਾਕਸ਼ਾਂ ਦਾ ਸੰਘਾਰ ਕੀਤਾ । ਇਸੇ ਖੁਸ਼ੀ ਵਿਚ ਇਹ ਦਸੈਹਰੇ ਦਾ ਤਿਓਹਾਰ ਮਨਾਇਆ ਜਾਂਦਾ ਹੈ ।ਦਸੈਹਰਾ ਬਦੀ ਉੱਪਰ ਨੇਕੀ (ਬੁਰਾਈ ਉੱਪਰ ਹਛਾਈ) ਦੀ ਜਿੱਤ ਦਾ ਪ੍ਰਤੀਕ ਹੈ । ਸਾਹਿਬ ਸ੍ਰੀ ਗੁਰੁ ਗੋਬਿੰਦ ਸਿੰਘ ਜੀ ਸੱਚੇ ਪਾਤਸ਼ਾਹ ਨੇ ਦਸੈਹਰੇ ਦੇ ਤਿਓਹਾਰ ਨੂ ਸ਼ਸਤ੍ਰ ਅਤੇ ਸ਼ਾਸਤ੍ਰ ਪੂਜਾ ਦੇ ਰੂਪ ਵਿਚ ਬਦਲ ਕੇ ਖਾਲਸੇ ਪੰਥ ਵਿਚ ਇਕ ਚੜਦੀਕਲਾ ਦੀ ਮਰਯਾਦਾ ਕਾਇਮ ਕਰ ਦਿੱਤੀ । ਹਿੰਦੂ ਵੀਰ ਜਿਥੇ ਨੌ ਰਾਤਾਂ ਨੂੰ ਰਾਮਾਇਣ ਦਾ ਨਾਟਕ ਕਰਦੇ ਅਤੇ ਵੇਖਦੇ ਹਨ, ਉਥੇ ਸਤਿਗੁਰੂ ਜੀ ਨੇ ਨੌ ਦਿਨ ਬੀਰ ਰਸੀ ਬਾਣੀ, ਜੁੱਧਮਈ ਬਾਣੀ ਜੋ ਨਿਰੰਕਾਰ ਦੀ ਉਸਤਤੀ ਦੇ ਨਾਲ ਵੀ ਭਰਪੂਰ ਹੈ, ਪੜਣ, ਸੁਨਣ ਦੀ ਮਰਯਾਦਾ ਕਾਇਮ ਕੀਤੀ । ਤਾਂ ਕਿ ਖਾਲਸੇ ਵਿੱਚ ਬੀਰ ਰਸੀ ਜਜ਼ਬਾ ਹਮੇਸ਼ਾ ਕਾਇਮ ਰਹੇ । ਰਾਵਣ, ਮੇਘਨਾਦ, ਕੁੰਭਕਰਨ ਆਦਿਕ ਦੇ ਮਾਰਨ ਦਾ ਜੋ ਨਾਟਕ ਵਿਖਾਇਆ ਜਾਂਦਾ ਹੈ, ਉਸ ਦੀ ਥਾਂ ਸਤਿਗੁਰੂ ਜੀ ਨੇ ਆਪਣੇ ਸ੍ਰੀ ਮੁਖਾਰਬਿੰਦ ਤੋਂ ਉਚਾਰੀ ਹੋਈ ਜੁੱਧਮਈ ਬਾਣੀ ਦਾ ਸੰਪੂਰਨਪਾਠ ਕਰਨ ਉਪਰੰਤ ਖਾਲਸੇ ਦੇ ਜਾਹੋ ਜਲਾਲ ਨਿਸ਼ਾਨਾਂ, ਨਗਾਰਿਆਂ, ਧੌਂਸਿਆ ਗੱਤਕਈ ਜਥੇ, ਸ਼ਬਦਈ ਜਥਿਆਂ ਆਦਿਕ ਅਤੇ ਹਜ਼ੂਰ ਦੇ ਸੋਹਣੇ ਅਸਵਾਰੀ ਦੇ ਘੋੜਿਆਂ ਦੇ ਨਾਲ ਮਹੱਲਾ ਖੇਡਣ ਦੀ ਪ੍ਰਥਾ ਆਰੰਭ ਕੀਤੀ । ਪੁਰਾਤਨ ਇਤਿਹਾਸ ਵੇਖੀਏ ਤਾਂ ਪਤਾ ਚਲਦਾ ਹੈ, ਕਿ ਤ੍ਰੇਤੇ ਯੁਗ ਤੋਂ ਲੈ ਕੇ ਦਸੈਹਰੇ ਦੇ ਦਿਨ ਨੂੰ ਛੱਤ੍ਰੀ ਧਰਮ ਨਾਲ ਸੰਬੰਧਤ ਯੋਧੇ ਸ਼ਸ਼ਤ੍ਰ ਪੂਜਾ ਦੇ ਦਿਨ ਵਜੋਂ ਮਨਾਉਂਦੇ ਰਹੇ ਹਨ, ਪਰ ਸਮੇਂ ਦੇ ਬਦਲਾਉ ਅਨੁਸਾਰ ਇਸ ਦਾ ਪਰਚਲਨ ਬਹੁਤ ਘਟ ਗਿਆ । ਸ੍ਰੀ ਗੁਰੁ ਗੋਬਿੰਦ ਸਿੰਘ ਜੀ ਮਹਾਰਾਜ ਨੇ ਦੁਬਾਰਾ ਕ੍ਰਿਪਾ ਕਰਕੇ ਇਹ ਸ਼ਸ਼ਤ੍ਰ ਪੂਜਾ ਦੀ ਮਰਯਾਦਾ ਪਰਪੱਕ ਕੀਤੀ । ਸ਼ਸ਼ਤ੍ਰ ਖਾਲਸੇ ਦੇ ਜੀਵਨ ਦਾ ਅਹਿਮ ਹਿੱਸਾ ਹਨ । ਸਤਿਗੁਰੂ ਜੀ ਨੇ ਸ਼ਸ਼ਤ੍ਰਾਂ ਦੀ ਮਹਿਮਾ ਬਾਰੇ ਬਾਣੀ ਵਿਚ ਇਸ ਤਰ੍ਹਾਂ ਵਰਨਨ ਕੀਤਾ ਹੈ :- **''ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ ॥''**

ਸਤਿਗੁਰੂ ਜੀ ਦੇ ਮਹਾਨ ਤਖਤ ਸੱਚਖੰਡ ਅਬਿਚਲ ਨਗਰ (ਹਜ਼ੂਰ ਸਾਹਿਬ) ਵਿਖੇ ਅੱਸੂ ਦੇ ਪਹਿਲੇ ਨਵਰਾਤ੍ਰੇ ਨੂੰ ਖਾਲਸਾ ਜੀ ਦੇ ਬੁੰਗਿਆਂ ਅਤੇ ਹਜ਼ੂਰ ਦੇ ਚਰਨ ਛੋਹ ਪਾਵਨ ਅਸਥਾਨਾਂ ਉਪਰ ਦਿਨ ਦੇ ਪਿਛਲੇ ਪਹਿਰ ਨੂੰ ਜੁੱਧਮਈ ਬੀਰ ਰਸੀ ਬਾਣੀ ਦੇ ਪਾਠ ਆਰੰਭ ਹੋ ਜਾਂਦੇ ਹਨ ।ਸ਼ਸਤ੍ਰ ਦੀ ਹੋਂਦ ਸਭ ਤੋਂ ਪਹਿਲਾਂ ਦੀ ਮੰਨੀ ਜਾਂਦੀ ਹੈ । ਨਿਰੰਕਾਰ ਨੇ ਸ੍ਰਿਸਟੀ ਰਚਨਾ ਤੋਂ ਪਹਿਲਾਂ ਸੰਘਾਰ ਸ਼ਕਤੀ ਪ੍ਰਗਟ ਕੀਤੀ, ਜਿਸ ਦਾ ਵਰਨਨ ਕਲਗੀਧਰ ਪਿਤਾ ਜੀ ਕਰਦੇ ਹਨ । ਇਸ ਲੜੀ ਵਿਚ ਸਤਿਗੁਰੂ ਜੀ ਨੇ ਭਗਉਤੀ ਦੀ ਪ੍ਰਿਥਮੈ ਅਰਾਧਨਾ ਕੀਤੀ ਹੈ । ਯਥਾ:-**''ਪ੍ਰਿਥਮ ਭਗਉਤੀ ਸਿਮਰ ਕੈ''** ਅਤੇ **''ਖੰਡਾ ਪ੍ਰਿਥਮੈ ਸਾਜ ਕੈ ਜਿਨ ਸਭ ਸੈਸਾਰੁ ਉਪਾਇਆ ॥''**

ਸਾਰੇ ਸ਼ਸ਼ਤ੍ਰਾਂ ਨੂੰ ਕਲਗੀਧਰ ਪਿਤਾ ਜੀ ਨਮਸ਼ਕਾਰ ਕਰਦੇ ਹਨ, ''ਜਿਤੇ ਸਸਤ੍ਰ ਨਾਮੰ ॥ਨਮਸਕਾਰ ਤਾਮੰ ॥''

ਇਹ ਜੋ ਦਸੈਹਰੇ ਦੇ ਪੁਰਬ ਉਪਰ ਬਾਜਾਂ, ਫੌਜਾਂ, ਮੌਜਾਂ ਵਾਲੇ ਸਤਿਗੁਰੂ ਜੀ ਨੇ ਸ਼ਸਤ੍ਰ ਅਤੇ ਸ਼ਾਸਤ੍ਰ ਪੂਜਾ ਦੀ ਮਰਯਾਦਾ ਆਰੰਭ ਕੀਤੀ ਸੀ, ਉਸ ਨੂੰ ਅੱਗੇ ਖਾਲਸਾ ਪੰਥ ਨੇ ਜਾਰੀ ਰਖਿਆ । ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਚ ਵੀ ਗੁਰੂ ਸਾਹਿਬ ਜੀ ਦੇ ਸਮੇਂ ਤੋਂ ਚਲੀ ਆ ਰਹੀ ਦਸੈਹਰੇ ਦੇ

ਮੱਹਲੇ ਦੀ ਇਸ ਮਰਿਯਾਦਾ ਨੂੰ ਨਗਰ ਕੀਰਤਨ ਤੇ ਸ਼ਸ਼ਤ੍ਰ ਵਿਦਿਆ ਦੇ ਅਭਿਆਸੀ (ਗਤਕਾ) ਆਦਿ ਦੇ ਰੂਪ ਵਿਚ ਖਾਲਸਾ ਨਿਭਾਉਂਦਾ ਆ ਰਿਹਾ ਹੈ । ਇਤਿਹਾਸ ਵਿਚ ਆਉਂਦਾ ਹੈ, ਕਿ ਅੱਸੂ ਦੇ ਪਹਿਲੇ ਨਵਰਾਤਰੇ ਨੂੰ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਆਪ ਸੇਵਾ ਵਿਚ ਜੁਟ ਕੇ ਸ਼ਸਤ੍ਰ-ਸ਼ਾਸਤ੍ਰ ਪੂਜਾ ਦੀ ਆਰੰਭਤਾ ਦੀ ਅਰਦਾਸ ਵਿਚ ਹਾਜਿਰ ਹੋ ਕੇ ਅਤੇ ਲੰਮਾ ਸਮਾਂ ਬੀਰ ਰਸੀ ਬਾਣੀ ਦਾ ਪਾਠ ਸਰਵਣ ਕਰਦੇ ਸਨ । ਦਸੈਹਰੇ ਵਾਲੇ ਦਿਨ ਪੂਰਨ ਮਰਿਯਾਦਾ ਵਿਧੀ ਮੁਤਾਬਕ ਪਾਠ ਦੀ ਸਮਾਪਤੀ ਉਪਰੰਤ, ਪਿਛਲੇ ਪਹਿਰ ਮਹਾਰਾਜ ਜੀ ਸ਼ਾਹੀ ਸ਼ਾਨੋ ਸ਼ੌਕਤ ਦੇ ਨਾਲ ਹਾਥੀ ਉਪਰ ਅਸਵਾਰ ਹੋ ਕੇ ਇਸ ਅਦੁੱਤੀ ਮਹੱਲੇ (ਜਲੂਸ) ਦੀ ਅਗਵਾਈ ਕਰਦੇ । ਮਹਾਰਾਜਾ ਜੀ ਦੇ ਸੱਜੇ ਹੱਥ ਘੋੜ ਚੜੇ ਜਥੇਦਾਰ ਅਕਾਲੀ ਫੂਲਾ ਸਿੰਘ ਜੀ ਅਤੇ ਖੱਬੇ ਹੱਥ ਖਾਲਸਾ ਫੌਜ ਦੇ ਜਰਨੈਲ ਸ੍ਰ: ਹਰੀ ਸਿੰਘ ਜੀ ਨਲੂਆ ਵਰਗੀਆਂ ਬੇਅੰਤ ਹਸਤੀਆਂ ਚਲਦੀਆਂ । ਇੰਨਾਂ ਦੇ ਪਿੱਛੇ ਸਤਵੇਂ ਪਾਤਸ਼ਾਹ ਜੀ ਦੇ ਨਾਮ ਉਪਰ ਕਾਇਮ ਕੀਤੀ ੨੨੦੦ ਘੋੜ ਅਸਵਾਰਾਂ ਦੀ ਅਕਾਲ ਰਜਮੈਂਟ ਦੇ ਜਵਾਨ ਜਿੰਨਾ ਦੀ ਆਪਣੀ ਹੀ ਦਿੱਖ ਅਤੇ ਜਾਹੋ ਜਲਾਲ ਹੁੰਦਾ ਸੀ, ਚਲਦੇ ਸਨ । ਖੁਲੇ ਪੰਡਾਲ ਵਿਚ ਇਹ ਮਹੱਲਾ ਪਹੁੰਚਦਾ ਸੀ । ਉਥੇ ਮਹਾਰਾਜਾ ਜੀ ਦੇ ਨਾਲ ਘੋੜ ਅਸਵਾਰ ਫੌਜ ਦੇ ਸਰਦਾਰ ਆਦਿਕ ਆਪਣੇ-ਆਪਣੇ ਸ਼ਸਤ੍ਰ ਵਿਦਿਆ ਦੇ ਜੌਹਰ ਦਿਖਾਉਂਦੇ । ਸ਼ੇਰੇ ਪੰਜਾਬ ਜੀ ਬੇਅੰਤ ਇਨਾਮ ਅਤੇ ਗਰੀਬਾਂ ਨੂੰ ਦਾਨ ਦਿੰਦੇ ਹੋਏ ਵਾਪਿਸ ਸ਼ਾਹੀ ਕਿਲੇ ਵਿਚ ਆਉਂਦੇ ਸਨ । ਇਸ ਤਰਾ ਇਹ ਪੁਰਬ ਮਨਾਇਆ ਜਾਂਦਾ ਸੀ । ਦਸਮੇਸ਼ ਪਿਤਾ ਜੀ ਜੋ ਮਰਯਾਦਾ ਖਾਲਸਾ ਜੀ ਨੂੰ ਬਖਸ਼ਸ ਕਰ ਗਏ, ਉਹ ਅੱਜ ਤਕ ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਉਪਰ ਚਲਦੀ ਆ ਰਹੀ ਹੈ । ਇਹ ਮਰਯਾਦਾ ਕੋਈ ਸੌ ਪੰਜਾਹ ਸਾਲ ਪੁਰਾਣੀ ਨਹੀ । ਇਹ ਮਰਯਾਦਾ ਹਜ਼ੂਰ ਸੱਚੇ ਪਾਤਸ਼ਾਹ ਜੀ ਵਲੋਂ ਚਲਾਈ ਦ੍ਰਿੜ ਕਰਵਾਈ ਮਰਯਾਦਾ ਹੈ ।

ਇਸੇ ਮਰਯਾਦਾ ਦੇ ਤਹਿਤ

ਸਾਹਿਬ ਜੀ ਦੇ ਤਖਤ ਸੱਚਖੰਡ ਹਜ਼ੂਰ ਸਾਹਿਬ ਉਪਰ ਸ਼ਾਮ ਦੇ ਦਿਵਾਨ ਦੀ ਸਮਾਪਤੀ ਸੋਹਿਲੇ ਜੀ ਦੇ ਪਾਠ ਤੋਂ ਬਾਅਦਇਸ ਬਾਣੀ ਦੇ ਪਾਠ ਆਰੰਭ ਹੋ ਜਾਂਦੇ ਹਨ । ਇਸ ਬਾਣੀ ਦਾ ਪਾਠ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਜੋ ਹੱਥ ਲਿਖਤ ਸਰੂਪ ਹਨ ਉਸ ਵਿਚੋਂ ਕੀਤਾ ਜਾਂਦਾ ਹੈ । ਤਖਤ ਸਾਹਿਬ ਜੀ ਉਪਰ ਅਤੇ ਸਾਰੇ ਦਖੱਨ ਦੇ ਗੁਰੂਦੁਆਰਿਆ ਵਿਚ ਆਦਿ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਪੁਰਾਤਨ ਸਮੇਂ ਤੋਂ ਹੀ ਪਰੰਪਰਾ ਅਨੁਸਾਰ ਹੁੰਦਾ ਆ ਰਿਹਾ ਹੈ ।

ਦਸਮ ਕਥਾ ਭਾਗਉਤ ਕੀ ਭਾਖਾ ਕਰੀ ਬਨਾਇ ॥
ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁੱਧ ਕੇ ਚਾਇ ॥

I have composed katha of bhagauth (Examples of different Avtars created by the lord Akaal purakh) in translation,
O'Lord ! I have no other desire and have only written to inspire for the war fought on the basis of righteousness (Dharam Yudh)

- Guru Gobind Singh Ji (Sri Dasam Granth Sahib)

HISTORICAL SIGNIFICANCE

Bansavalinama written in 1769 CE by Kesar Singh Chibber also mentions the celebrating of Dusshera. Kesar Singh Ji writes:

ਦੁਸਹਰੇ ਦੇ ਦਿਨ ਪੂਜਾ ਸ਼ਸਤ੍ਰਾਂ ਦੀ ਕਰਨ । ਚੰਡੀਪਾਠ ਕੀਤਾ ਰਸਨਾ ਦਾ ਉਚਾਰਨ ।

On the days of Dusshera, worship your weapons. From your mouths you should recite the ballads of Chandi Charitars and Chandi Di Vaar.

ਧੂਪ ਦੀਪ, ਪੁਸ਼ਪ, ਬਹੁਤ ਹੋਵੈ ਸੁਗੰਧਿ । ਕੇਸਰ, ਚੰਦਨ, ਚਉਰ ਝੁਲੰਤ ।੩੯੦।

[Worship your weapons by using] lots of Incense(Dhoop), Ghee-lamps, flowers and nice fragrances. [Use] Saffron, Sandalwood and a Wisk to wave (chaur) [above your weapons].

- Bansavalinama pg. 161 ਬੰਸਾਵਲੀਨਾਮਾ ਪਨਾ ੧੬੧

ਦੋਹਰਾ- ਪਾਵਸ ਬੀਤੀ ਅਨੰਦ ਸੋ ਸਰਦ ਪ੍ਰਬਿਰਤੀ ਆਦਿ।

ਪਿਤਰਨਿ ਪਛ ਤੇ ਨੌਰਤੇ ਚੰਡੀ ਜਗਤ ਮਨਾਇ ।੧।

The rainy season passed with much pleasantness, and the cold season was

present. During the Saraadh Navathri (festival worshipping the 9 forms of Devi) the world worships the (devi) but not the khalsa.

ਲਲਤਿਪਦੁ ਛੰਦ –

ਹੁਕਮ ਕੀਨਿ ਸ਼੍ਰੀ ਸਤਿਗੁਰ ਪੂਰੇ 'ਸ਼ਸਤ੍ਰ ਨਿਕਾਸੋ ਸਾਰੇ ।

ਮੈਲ ਨਿਵਿਰਤਹਿ ਮਾਰਵਾਰਿਯੇ ਪੂਜਹਿ ਬਹੁਰ ਸੁਧਾਰੇ' ।੨।

Guru Sahib commanded that, "Take out all of your weapons, Marvaari Sikh(the marvaaris converted at that time) cleaning your weapons will take all your filth (dirt in your hirday) away, then with your clean weapon, worship it.

ਖਾਸ ਖਜਾਨੇ ਲਗੇ ਨਿਕਾਸਨ ਜਾਤੀ ਖੜਗਨਿ ਨਾਨਾ ।

ਤੇਗੇ ਆਯੁਧ, ਖੜਗ ਦੁਧਾਰੇ, ਤੋਮਰ, ਸੈਫ, ਕ੍ਰਿਪਾਨਾ ।੩।

Then out of the Guru's armory many different types of swords were taken out.

Tegha's, Dudhaare Kharag's, Spear's, Saif's, and Kirpan's were taken out.

ਦੁਬਿਧਿ ਸਰੋਹੀ, ਨੀਮ ਸੀਖਚੇ, ਮਿਸਰੀ ਦ੍ਵੈ ਗੁਜਰਾਤੀ ।

ਇਲਮਾਨੀ ਰੁ ਹਲੱਬੀ ਮਗਰਬਿ ਕਿ ਰਚ ਜੁਨੱਬੀ ਜਾਤੀ ।੪।

Two types of Sirohi's, seekh vangu sidhan, thin swords, Misri and Guajarati swords, Yemin swords, swords from the city Halab, Irani swords, Armenian swords were all taken out to clean.

ਜਮਧਰ ਲਘੁ ਬਿਸਾਲ ਪਉਲਾਦੀ, ਖੰਜਰ ਚੱਕ੍ਰ ਮਹਾਨਾਂ ।

ਬਿਛੂਏ ਬਾਂਕ ਛੁਰੇ ਬਹੁ ਬਿਧਿ ਕੇ, ਪੇਸ਼ ਕਬਜ ਸ਼ੁਭ ਨਾਨਾ ।੫।

Small and big katar's (punch daggers), great khanjar's (curved dagger), chakar's (quoit), bichua's (scorpion bladed dagger) , and glorious pesh kabz's (armour piercing dagger) were taken out.

ਤੀਰ ਅਨਿਕ ਬਿਧਿ ਖਪਰੇ ਸੇਲੇ ਗਨ ਬਦਾਂਮਚੇ ਤੁੱਕੇ ।

ਸੇਲ ਨਰਾਂਚ ਸੁ ਨਾਵਕ ਤੀਖਨ ਕਰ ਦਹਿਤਨ ਰਿਪੁ ਢੁਕੇ ।੬।

Various types of arrows, (Neje Muhee Teer), (Badaam Muhee Teer), (Kikkar de thuk Vargi Dandedaar Mukhi vala Teer), Sarbloh teer jis Punj Khamb, Chaar Mukhe Teer, Ik chota teer jis dee mukhi dandedaar hundi hair), (thothi naali jis vicho chota teer chalondey han) te (vairi de than vich kumbh jaan vale teer) were taken out.

ਤੁਪਕ ਤਮਾਂਚੇ ਗਨ ਬਿਲਾਇਤੀ ਸਾਂਗੈਂ ਸ਼ਕਤਿ ਨਿਕਾਸੇ ।

ਬ੍ਰਿਦ ਸ਼ਸਤ੍ਰ ਸਤਿਗੁਰੂ ਖਜਾਨੇ ਕਹਿ ਲੌਂ ਕਵੀ ਪ੍ਰਕਾਸੇ ।੭।

Guns and pistols, spear's from Tehran Iran, and all the weapons out of the Guru's armory, they were all taken out, how much more description can this poet give?

ਮਾਰਵਾਰਿਯੇ ਮਾਂਞਨਿ ਲਾਗੇ ਚਰਨ ਦਾਬ ਕਰ ਫੇਰੇ ।

ਇਤਨੇ ਮਹਿ ਪ੍ਰਭੁ ਬਾਹਿਰ ਨਿਕਸੇ ਸਭਿ ਆਯੁਧ ਦਿਸ਼ਿ ਹੇਰੇ ।੮।

The Marvaari Sikh placed the weapons on the floor near his feet then began cleaning. During this, the Guru came out and saw all the glorious weapons.

ਕਹਯੋ 'ਬਿਅਦਬੀ ਸ਼ਸਤ੍ਰਨਿ ਕੇਰੀ ਤੈਂ ਕਯੋ ਚਰਨ ਲਗਾਯੋ ।

ਅਤਿ ਪ੍ਰਿਯ 'ਖੜਗ ਅਕਾਲ ਪੁਰਖ ਕੋ ਨਿਜ ਧੁਜ ਬਿਖੈ ਸਹਾਯੋ ।੯।

The Guru then said, "You are disrespecting the weapons, why are you putting these weapons near your feet? Akaal Purakh loves the Kharag, on his very own battle standards it (the sword) is displayed.

ਆਦਿ ਸ਼ਕਤਿ ਸ੍ਰੀ ਚੰਡੀ ਰੂਪ ਇਹ ਪੂਜਨ ਜੋਗ ਸਦੀਵਾ।
ਸਰਬ ਸੁਰਾਸੁਰ ਨਰ ਕਯਾ ਬਪੁਰੋ ਜਸਿ ਕੇ ਬਸਿ ਮਹਿੰ ਥੀਵਾ।੧੦।

The sword is the Aadi Shakti (primal energy), and is the very form of Sri Chandi. One must always worship it. All demi-gods, goddesses, demons, and humans whose fate was kind contemplated upon this.

ਸਾਦਰ ਸੇਵ ਮਾਂਵਿਬੇ ਕਰੀਯਹਿ ਇਹ ਕਹਿ ਅੱਗ੍ਰ ਸਿਧਾਏ।
ਬੈਠੇ ਬਹੁਰ ਖਾਲਸਾ ਆਯੋ ਸ੍ਰੀ ਮੁਖ ਦਰਸ਼ਨ ਪਾਏ।੧੧।

Respectfully clean the weapons." After saying this Guru walked on. Later on, a Khalsa came and received Guru's darshan as Guru was sitting down.

ਕੇਤਿਕ ਚਿਰ ਮਹਿੰ ਇਕ ਸਿਖ ਬੋਲਯੋ ਮਾਰਵਾਰਿਯਾ ਜੋਈ।
ਪੁੰਜ ਖੜਗ ਸਿਰ ਪਰ ਧਰਿ ਬੈਠਯੋ ਕਾਰ ਨ ਕਰਤਾ ਸੋਈ।੧੨।

After a while a Sikh said to the Guru, "The Marvaari Sikh has placed many weapons (swords) on his head and is sitting, but is not doing any work"

ਸੁਨਿ ਬਿਕਸੇ ਪ੍ਰਭੁ ਗਏ ਬਿਲੋਕਨਿ ਦੇਖਯੋ ਤਿਸੀ ਪ੍ਰਕਾਰਾ।
ਇਹ ਕਯਾ ਕਰਯੋ ਨ ਸੇਵਾ ਠਾਨਤਿ ਬੈਠੇ ਸਮਾ ਗੁਜਾਰਾ।੧੩।

Listening to that, Guru ji went to go see. Upon approaching the Guru said, "What are you doing? You are not doing any service; you are spending your time only resting."

ਮਹਾਰਾਜ ਰਾਵਰ ਕੀ ਆਇਸੁ ਅਦਬ ਕਰਨਿ ਇਮ ਹੋਵੈ।
ਸੇਵਾ ਮਾਂਵਨ ਕੀ ਹੁਇ ਤੈਸੇ ਜਥਾ ਪ੍ਰਥਮ ਮਲ ਖੋਵੈਂ।੧੪।

The Maarvaari Sikh said, "Maharaj, only with your permission can this respectful practice be carried out, the service of washing can only be done that way, in the way (you proscribed) before. That is the only way the filth leaves."

ਬਿਗਸਿ ਪ੍ਰਭੁ ਕਹਿ ਤੁਮ ਕੌਂ ਬਖਸ਼ਯੋ, ਸ਼ਸਤ੍ਰਨ ਕੇ ਨਿਤ ਦਾਸਾ।
ਕਰਹੁ ਪ੍ਰੇਮ ਤੇ ਸੇਵਾ ਆਯੁਧ, ਤੌਂ ਸਭਿ ਸੁਖ ਹੁਇ ਪਾਸਾ।੧੫।

The Lord said to the Maarvaari Sikh, "you are blessed; you are always doing service to weapons. With great love you do selfless service to the weapons, with this happiness with always be at your side."

ਰਾਮ ਸਿੰਘ ਤਿਹ ਨਾਮ ਹੁਤੋ ਸੁਨਿ ਗੁਰ ਕੋ ਬੰਦਨ ਠਾਨੀ।
ਮਾਂਵਨ ਕਰਨਿ ਲਗਯੋ ਸੁਧ ਸ਼ਸਤ੍ਰਨਿ, ਪੁਨ ਸੁਖ ਲਹਯੋ ਮਹਾਂਨੀ।੧੬।

The Marvaari Sikh's name was Ram Singh, after listening to Guru Ji's word he prostrated before the Guru and started to clean some more weapons. After cleaning the weapons Ram Singh felt a great amount of happiness.

ਊਚੇ ਥਲ ਟਿਕਾਇ ਸਭਿ ਆਯੁਧ ਪੂਜਾ ਸੌਂਜ ਮੰਗਾਈ।
ਲਗੇ ਨੁਰਾਤੇ ਸਗਰੇ ਪੂਜਨ ਚੰਡਿ ਕਾਲਕਾ ਮਾਈ।੧੭।

After the cleaning; all the weapons were placed on a high level and the Sikhs started to worship them with incense. The festival of Navathri was starting and everyone was worshiping Chandi (Power of AkalPurakh and Shastars in Physical Form)

ਚੰਡਿ ਚਰਿੱਤ੍ਰ ਪਾਠ ਨਿਤ ਹੋਵੈ ਸਹਿਸਕ੍ਰਿਤ ਅਰੁ ਭਾਖਾ।
ਧੂਪ ਦੀਪ ਚੰਦਨ ਕੌਂ ਚਰਚਤਿ ਫੂਲਮਾਲ ਬਹੁ ਰਾਖਾ।੧੮।

The recitation of Chandi Charitar was starting in both Sanskrit form and in Brij Bhasa (from Sri Dasam Granth). Incense, ghee-lamps, sandalwood(chandan) were all used and great wreaths of flowers were put around the weapons.

Below is a passage from Gurbilas Patshahi 10, a historical book written in 1751 CE by Kuer Singh mainly dealing with the life of Guru Gobind Singh Ji. This is one of the most earliest and detailed writtings dealing with the life of Guru Gobind Singh Ji.

ਆਜ ਨੁਰਾਤਾ ਆਦਿ ਨਿਹਾਰੋ । ਪੂਜ ਕਰੋ ਸਬ ਸਸਤ੍ਰ ਨਿਕਾਰੋ " ॥੧੩॥

[Guru Gobind Singh Ji stated] "Observe the first day of Navraate, worship and take out all of your weapons."

ਸੁਨ ਕਰ ਬਚਨ ਖਾਲਸਾ ਧਾਯੋ । ਪੂਜਨ ਕੀ ਸਭ ਸੌਜ ਲਿਆਯੋ ।

Listening to the words [of the Guru] the Khalsa ran to bring back weapons and do worship of them.

ਪਹਿਰ ਰਾਤ ਲੇ ਤੇ ਸਭ ਜਾਗੇ । ਪੂਜ ਕਾਲਿਕਾ ਕੀ ਮਧ ਲਾਗੇ ॥੧੪॥

In the last period of the night they [the Khalsa] awoke, and started to worship Kalika. (Weapons the Shakti of Akal Purakh)

(ਕਾਲ ਤੁਹੀ ਕਾਲੀ ਤੁਹੀ ਤੁਹੀ ਤੇਗ ਅਰੁ ਤੀਰ॥
ਤੁਹੀਂ ਨਿਸ਼ਾਨੀ ਜੀਤ ਕੀ ਆਜੁ ਤੁਹੀ ਜਗਬੀਰ॥ - Shastarnaam maala)

ਸਭ ਜਨ ਸ੍ਰੀ ਕੇਸ ਗੜ੍ਹ ਆਵੈ । ਧੂਪ ਦੀਪ ਨੈਬੇਦ ਕਰਾਵੈ ।

All the [Guru's] servants came to [Takht] Kesgarh Sahib, and lit incense, lamps and offered food [towards Weapons].

ਪਾਛੈ ਅੱਛ੍ਹਤ ਪੁਸਪ ਮੰਗਾਵੈ । ਕਰ ਚਰਨਾਮ੍ਰਿਤ ਚਮਰ ਝੁਲਾਵੈ ॥੧੫॥

After they would offer rice and flowers toward Shastars, taking the Amrit from the Feet of the Guru and waving the wisk [over the weapons].

ਦੇਵਿ ਚਰਿਤ੍ਰ ਸ੍ਰੀ ਮੁਖ ਗਾਵੈ । ਉਸਤਤਿ ਕਰੈ ਮੋਦ ਮਨ ਭਾਵੈ ।

The stories of the Devi(Chandi Charitar) were recited from the Guru's mouth, reading the praises everyone's mind was left in bliss.

ਨਵਿਨ ਨੁਰਾਤਨ ਪੂਜਨ ਧਾਰੀ । ਪੁਨਹਿ ਦਸਹਿਰਾ ਆਯੋ ਭਾਰੀ ॥੧੬॥

On the ninth day of Navraate the worship continued, then came the [tenth day] Dusshera....

ਸਭ ਸਿਲ ਖਾਨਾ ਛੋਰ ਮੰਗਾਯੋ । ਉੱਚ ਤਖਤ ਕੁਰਸੀਨ ਧਰਾਯੋ ।

All of the weapons were gathered and placed on high platforms.

ਗਿਰਦੇ ਚਮਰ ਧੂਪ ਨਰ ਕਰਹੀ । ਜੈ ਜਗ ਮਾਤ ਕਾਲਿ ਮੁਖ ਰਰਈ ॥੫॥੧੭॥

All around whisks were being waved and incense was being lit, "Jai Jag Maat" [Victory to the Mother of the World] was being recited from everyone's mouth.(The last Stanzas of Chandi di Vaar).

Chandi / Bhagauti

Bhagauti/chandi roop vich shastar hai ...aur niroop (without roop) vich shakti hai.

Eh Shakti hai,gurmat hai (the shakti is created by akal purakh for kalyan of manukh). Eh niraakar roopi shakti hai jo manukh di matt (buddhi) vi hai.......os da gyaan roopi kharag vi hai

(ਗੁਰਿ ਗਿਆਨੁ ਖੜਗੁ ਲੈ ਮਾਰੇ ॥ - Adi Sri Guru Granth Sahib Ji : 983)

Guru maharaj ne ehi shakti(jisnu chandi/bhagauti kehnde) naal sidha naal goshti kiti,yogiya di buddhi nu siddhe paasey laya aur ehi shakti saare dishaava ton manukh di raakhi vi kardi (in physical & spiritual form), atey ehi bhagauti shastar vi hai jis karke dushta daintaa,mughala da naash hoya atey dharam di,manavta di raakhi hoyi.
Khalsa ji sri akal purakh ji ne srishti di rachna layi ik shakti pragat kiti jisnu maharaj ne bhagauti/chandi aakheya.

ਸੋਈ ਭਵਾਨੀ ਨਾਮੁ ਕਹਾਈ ॥
ਜਿਨ ਸਿਗਰੀ ਯਹ ਸ੍ਰਿਸਟਿ ਉਪਾਈ ॥

- Sri Dasam Granth Saheb ji (Chaubis avtar)

Jis prakar manukh de jeewan vich janam den wali nu mata keha jaanda ose hi tarah......akal purakh ji vallo srishti nu janam den layi pragat kiti hoyi shakti nu gurbani vich mata da darja ditta gaya hai ji.

ਕ੍ਰਿਪਾ ਕਰੀ ਹਮ ਪਰ ਜਗ ਮਾਤਾ ॥

- Sri Chaupai Sahib

Eh mata shabad sirf os akal purakh di shakti nu kirpa karn lai varteya gaya hai ji.

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥

- Aad Sri Guru Granth Sahib Ji

Jinne naam dhiyaao osde han oh apna pita vi hai atey mata vi.
Kise roop vich oh pita disda atey kise roop vich mata osde roop anek han.....fir ek han.

ਅਨੇਕ ਹੈਂ ॥ ਫਿਰ ਏਕ ਹੈਂ ॥ - Sri Jaap sahib

ਕੋਇ ਨ ਜਾਨੈ ਤੁਮਰਾ ਅੰਤੁ ॥
ਊਚੇ ਤੇ ਊਚਾ ਭਗਵੰਤ ॥

- Aad Sri Guru Granth Sahib Ji

Sri Chandi di vaar vich likheya hai :

ਖੰਡਾ ਪ੍ਰਿਥਮੈ ਸਾਜ ਕੈ ਜਿਨ ਸਭ ਸੈਸਾਰੁ ਉਪਾਇਆ ॥
ਬ੍ਰਹਮਾ ਬਿਸਨੁ ਮਹੇਸ ਸਾਜਿ ਕੁਦਰਤਿ ਦਾ ਖੇਲੁ ਰਚਾਇ ਬਣਾਇਆ ॥
ਸਿੰਧ ਪਰਬਤ ਮੇਦਨੀ ਬਿਨੁ ਥੰਮ੍ਹਾ ਗਗਨਿ ਰਹਾਇਆ॥
ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦ ਰਚਾਇਆ ॥
ਤੈ ਹੀ ਦੁਰਗਾ ਸਾਜਿ ਕੈ ਦੈਤਾ ਦਾ ਨਾਸੁ ਕਰਾਇਆ ॥
ਤੈਥੋਂ ਹੀ ਬਲੁ ਰਾਮ ਲੈ ਨਾਲ ਬਾਣਾ ਦਹਸਿਰੁ ਘਾਇਆ ॥
ਤੈਥੋਂ ਹੀ ਬਲੁ ਕ੍ਰਿਸਨ ਲੈ ਕੰਸੁ ਕੇਸੀ ਪਕੜਿ ਗਿਰਾਇਆ ॥
ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ ॥
ਕਿਨੀ ਤੇਰਾ ਅੰਤੁ ਨ ਪਾਇਆ ॥

Es vich akal purakh ji ne khanda pritham saajeya jo bhagauti da roop hai, atey **'ਤੈ ਹੀ ਦੁਰਗਾ ਸਾਜਿ ਕੈ', 'ਤੈਥੋਂ ਹੀ ਬਲੁ ਰਾਮ ਲੈ', 'ਤੈਥੋਂ ਹੀ ਬਲੁ ਕ੍ਰਿਸਨ ਲੈ'**.......ethe **'ਤੈਥੋਂ'** kon hai ?Eh Sri akal purakh ji han jo bal/shakti de rahe han unha nu atey akal purakh ji ne hi inha devi devteya nu roop deke bhejeya manukha de kalyan lai.........maharaj os shakti de aradhi san jisne enne raam,krishan,durga aur aneka devi devtey upjaey. Eh saare devi devtey kaal de adheen han

ਜਿਤੇ ਰਾਮ ਹੂਏ ॥ ਸਭੈ ਅੰਤ ਮੂਏ ॥

All the Ramas who incarnated, ultimately passed away.

ਜਿਤੇ ਕ੍ਰਿਸਨ ਹ੍ਵੈ ਹੈ ॥ ਸਭੈ ਅੰਤ ਜੈ ਹੈ ॥੭੦॥

All the Krishnas, who had incarnated, have all passed away.

ਜਿਤੇ ਦੇਵ ਹੋਸੀ ॥ ਸਭੇ ਅੰਤ ਜਾਸੀ ॥

All the gods who will come into being in future, they will all ultimately expire.

ਜਿਤੇ ਬੋਧ ਹ੍ਵੈ ਹੈ ॥ ਸਭੈ ਅੰਤਿ ਛੈ ਹੈ ॥੭੧॥

All the Buddhas, who came into being, expired ultimately.

ਜਿਤੇ ਦੇਵ ਰਾਯੰ ॥ ਸਭੈ ਅੰਤ ਜਾਯੰ ॥

All the god-kings, who came into being, ultimately passed away.

ਜਿਤੇ ਦਈਤ ਏਸੰ ॥ ਤਿਤਿਯੋ ਕਾਲ ਲੇਸੰ ॥੭੨॥

All the demon-kings, who came into being, they were all destroyed by KAL.

Sri akal purakh ji ne ise shakti nu har samay alag alag roop vich bhejeya hai (par khalse nu os roop di pooja nai karni.......sirf os shakti di pooja hai jo sri akal purakh ji vallo pragat kiti gayi hai aur jisne in saarey roopa nu janmeya).
Ki mann da koi roop ban sakda hai? Ki apni buddhi da koi roop bann sakda hai?fir uss nirankar akal purakh di shakti da koi roop kive bana sakda?Eh sirf guru maharaj jaande atey unha ne baani rahi dasseya hai

ਨਹੀ ਜਾਨ ਜਾਈ ਕਛੁ ਰੂਪ ਰੇਖੰ ॥ - Sri Dasam Granth Sahib Ji

Sri Chandi Charitar Ukati bilas de pehle sawaiyye vich hi Guru Gobind Singh Ji maharaj ne chandi/shakti/bhagauti de 8 gunn da bakhaan kita jo 8 dishava vich faileya hoya hai atey 8 dishava ton (matlab har disha ton)saadi raakhi karda.



ਆਦਿ ਅਪਾਰ ਅਲੇਖ ਅਨੰਤ ਅਕਾਲ ਅਭੇਖ ਅਲਖ ਅਨਾਸਾ ॥
ਚੰਡੀ ਚਰਿਤ੍ਰ ਉਕਤਿ ਬਿਲਾਸ, ਪਾ ੧੦




Eh gurmat /shakti hai os akal purakh di jisda poojan maharaj karde c atey khalsa ajj vi karda hai (physical(shastar) atey aatmik roop gurbani rahi).

Apne shastra da poojan sri Waheguru ji di shakti da poojan hai ji.......ohna di gurbani atey shastra naal hi kirpa auni hai atey khalse da raaj auna hai......

ਸ਼ਸਤ੍ਰਨ ਕੇ ਅਧੀਨ ਹੈ ਰਾਜ ..
ਰਾਜ ਬਿਨਾ ਨਹੀ ਧਰਮ ਚਲੇ ਹੈ ,,
ਧਰਮ ਬਿਨਾ ਸਭ ਦਲੇ - ਮਲੇ ਹੈ ..
ਕੋਊ ਕਿਸੀ ਕੋ ਰਾਜ ਨ ਦੇ ਹੈ ,,
ਜੋ ਲੇ ਹੈ ਨਿਜ ਬਲ ਸੇ ਲੇ ਹੈ .

Takht Sachkhand Sri Hazur Sri Abchalnagar sahib ji vikhe ajj vi sri akal purakh ji de shakti da nishan sri ashtbhuja ji de sangta nu darshan karaye jande han ji.



ਗਜਗਾ ਜਾਂ ਅਸ਼ਟਭੁਜਾ ਧ੍ਵੱਜ |

ਤਖ਼ਤ ਸ੍ਰੀ ਹਜੂਰ ਸਾਹਿਬ ਵਿਖੇ ਸੁਭਾਏਮਾਨ ਇਹ ਸ਼ਾਸਤਰ ਬਾਬਾ ਮਹਾਕਾਲ ਸਿੰਘ ਜੀ ਆਪਣੇ ਦੁਮਾਲੇ ਵਿੱਚ ਸਜਾਉਂਦੇ ਸਨ ਅਤੇ ਫਿਰ ਇਹ ਸ਼ਾਸਤਰ ਉਹਨਾ ਗੁਰੂ ਕਲਗੀਧਰ ਪਿਤਾ ਨੂੰ ਭੇਂਟ ਕੀਤਾ | ਅਸ਼ਟ ਭਾਵ ਅਠ | ਅਠ ਦਾ ਗੁਰਮਤਿ ਨਾਲ ਬਹੁੱਤ ਗੁਹਿਰਾ ਸਭੰਦ ਹੈ | ਇੱਕ ਦੇ ਗੁਣ ਵੀ ਅਠ ਹੀ ਹਨ |

੧- ੧ਓ

੨- ਸਤਿਨਾਮੁ

੩- ਕਰਤਾ ਪੁਰਖੁ

੪- ਨਿਰਭਉ

੫- ਨਿਰਵੈਰ

੬- ਅਕਾਲ ਮੂਰਤਿ

੭- ਅਜੂਨੀ

੮- ਸੈਭੰ.

ਉਧਰ ਜੱਦ ਗੁਰੂ ਕਲਗੀਧਰ ਪਤਿਾ ਇੱਕ ਦੇ
ਮਾਤ ਰੂਪ ਵਿੱਚ ਗੁਣਾ ਦਾ ਵਰਣਨ ਕਰਦੇ ਹਨ ਤਾਂ ਉਹਵੀ ਅਠ ਹੀ ਹਨ |

੧- ਆਦਿ

੨- ਅਪਾਰ

੩- ਅਲੇਖ

੪- ਅਨੰਤ

੫-ਅਕਾਲ

੬- ਅਭੇਸ

੭ - ਅਲੱਖ

੮ - ਅਨਾਸਾ

ਪਰ ਗੁਰਮਤਿ ਤੋ ਹੀਨ ਮਨੁੱਖ ਇਸ ਭੇਦ ਨੂੰ ਸਮਝਣ ਵਿੱਚ ਅਸਮਰਥ ਹੈ | ਤਾਂ ਹੀ ਤੇ ਉਹ ਇਸ ਅਸ਼ਟਭੁਜਾ ਧ੍ਵੱਜ ਨੂੰ ਤ੍ਰਿਸ਼ੂਲ ਦਸਦੇ ਹਨ |

**SAMUH SANGAT NU DUSSEHRE
PURAB DIYAN LAKH LAKH VADHAIYAAN JI**

Waheguru ji ka khalsa Waheguru ji ki fateh

Sewa by :

SIKH YOUTH OF HYDERABAD.